# ਦਫ਼ਤਰ ਨਗਰ ਸੁਧਾਰ ਟਰੱਸਟ ਮੋਗਾ

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਨਗਰ ਸੁਧਾਰ ਟਰੱਸਟਾਂ ਵੱਲੋਂ ਵੇਚੀਆਂ ਹੋਈਆਂ ਜਾਇਦਾਦਾਂ ਦੀ ਉਸਾਰੀ ਕਰਨ ਲਈ ਵਾਧੂ ਸਮਾਂ ਦੇਣ ਅਤੇ ਨਾ-ਉਸਾਰੀ ਫੀਸ ਜਮ੍ਹਾਂ ਕਰਵਾਉਣ ਲਈ "One Time Relaxation Policy" ਲਾਗੂ ਕੀਤੀ ਗਈ ਹੈ। ਜਿਸ ਵਿੱਚ ਅਲਾਟੀਆਂ ਵੱਲੋਂ ਮਿੱਥੇ ਸਮੇਂ ਦੇ ਅੰਦਰ ਉਸਾਰੀ ਨਹੀਂ ਕੀਤੀ ਜਾ ਸਕੀ ਹੈ ਅਤੇ ਕਿਸੇ ਕਾਰਨਾਂ ਕਰਕੇ ਸਮਾਂ ਰਹਿੰਦੇ ਨਾ-ਉਸਾਰੀ ਫੀਸ ਜਮ੍ਹਾਂ ਨਹੀਂ ਕਰਵਾਈ ਜਾ ਸਕੀ। ਅਲਾਟੀਆਂ ਦੀ ਮੰਗ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਮਾਮਲਿਆਂ ਨੂੰ ਵਿਚਾਰਣ ਉਪਰੰਤ ਹੇਠ ਲਿਖੇ ਅਨੁਸਾਰ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ:-

1. ਜਿਨ੍ਹਾਂ ਅਲਾਟੀਆਂ ਨੂੰ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਸਾਲ ਤੋਂ ਘੱਟ ਜਾਂ 15 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ, ਉਨ੍ਹਾਂ ਅਲਾਟੀਆਂ ਦੀ ਬਣਦੀ "ਨਾ-ਉਸਾਰੀ ਫੀਸ" ਦੀ ਕੁੱਲ ਰਕਮ ਤੇ 50% ਛੋਟ ਦਿੱਤੀ ਜਾਂਦੀ ਹੈ। 15 ਸਾਲ ਤੋਂ ਵੱਧ ਸਮੇਂ ਦੀ ਬਣਦੀ ਨਾ-ਉਸਾਰੀ ਫੀਸ, ਰਿਜ਼ਰਵ ਰੇਟ ਦੇ 5% ਦੀ ਦਰ ਨਾਲ ਮੁਕੱਰਰ ਕੀਤੀ ਜਾਵੇਗੀ।
2. ਅਲਾਟੀ ਉਪਰੋਕਤ ਪਾਲਿਸੀ ਜਾਰੀ ਹੋਣ ਦੀ ਮਿਤੀ ਤੋਂ 2 ਸਾਲ ਦੇ ਅੰਦਰ-ਅੰਦਰ ਉਸਾਰੀ ਕਰਨ ਦਾ ਪਾਬੰਦ ਹੋਵੇਗਾ, ਬੇਸ਼ਰਤੇ ਇਸ ਸਮੇਂ ਦੀ ਨਾ-ਉਸਾਰੀ ਫੀਸ ਜਮ੍ਹਾਂ ਵੀ ਕਰਵਾਏਗਾ।
3. ਮਿਤੀ 31.12.2025 ਤੱਕ ਅਲਾਟੀ "ਨਾ-ਉਸਾਰੀ ਫੀਸ" ਦੀ ਛੋਟ ਉਪਰੰਤ ਬਣਦੀ ਰਕਮ ਅਤੇ ਉਸਾਰੀ ਕਰਨ ਸਬੰਧੀ ਨਕਸ਼ਾ ਨਗਰ ਸੁਧਾਰ ਟਰੱਸਟ ਵਿਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਗਾ।
4. ਜਿਨ੍ਹਾਂ ਜਾਇਦਾਦਾਂ ਨੂੰ Resume ਕੀਤਾ ਜਾ ਚੁੱਕਾ ਹੈ, ਉਹਨਾਂ ਕੇਸਾਂ ਤੇ ਇਹ ਪਾਲਿਸੀ ਲਾਗੂ ਨਹੀਂ ਹੋਵੇਗੀ।
5. ਅਲਾਟੀ ਵੱਲੋਂ ਇਸ ਪਾਲਿਸੀ ਅਧੀਨ ਲਾਭ ਲੈਣ ਲਈ ਆਪਣੀ ਪ੍ਰਤੀ-ਬੇਨਤੀ ਮਿਤੀ 31.07.2025 ਤੱਕ ਟਰੱਸਟ ਨੂੰ ਦਸਤੀ ਜਾਂ ਟਰੱਸਟ ਦੀ e-mail ID: itmoga35@gmail.com ਤੇ ਭੇਜ ਸਕਦਾ ਹੈ।

ਇਸ ਪਾਲਿਸੀ ਦੀ ਅੰਤਿਮ ਮਿਤੀ 31-12-2025 ਹੈ। ਵਧੇਰੇ ਜਾਣਕਾਰੀ ਲਈ ਟਰੱਸਟ ਦਫ਼ਤਰ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਨਿੱਜੀ ਤੌਰ ਤੇ ਹਾਜਰ ਹੋ ਕੇ ਸਬੰਧਿਤ ਨਾਲ ਪੁੱਛ-ਗਿੱਛ ਕਰ ਸਕਦਾ ਹੈ।

Sd/-
ਚੇਅਰਮੈਨ,
ਨਗਰ ਸੁਧਾਰ ਟਰੱਸਟ,
ਮੋਗਾ।